# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ: 39 ਮਰਵਾਹਾ ਮੁਹੱਲਾ ਵਿਖੇ 29.74 ਲੱਖ ਰੁਪਏ ਦੀ ਲਾਗਤ ਨਾਲ ਇੰਨਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦੀ ਕੀਤੀ ਸ਼ੁਰੂਆਤ

## ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਵਿਚ ਇੰਟਰਲਾਕਿੰਗ ਟਾਈਲਾਂ ਦੇ ਕੰਮ ਤੇ 11 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਹੁਸ਼ਿਆਰਪੁਰ 24 ਜੂਨ ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਵਿਚ ਇੰਟਰਲਾਕਿੰਗ ਟਾਇਲਾਂ ਨਾਲ ਗਲੀਆਂ ਦੇ ਨਿਰਮਾਣ ਤੇ 11 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ: 39 ਦੇ ਮਰਵਾਹਾ ਮੁਹੱਲਾ ਵਿਖੇ 29.74 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਦੀਆਂ ਬਣਨ ਵਾਲੀਆਂ ਗਲੀਆਂ ਦੇ ਕੰਮ ਦੀ ਸ਼ੁਰੂਆਤ ਵਿਜੈ ਮਰਵਾਹਾ ਤੋਂ ਰੀਬਨ ਕਟਵਾ ਕੇ, ਰਮੇਸ਼ ਨਿਅਰ ਤੋ ਨਾਰੀਅਲ ਤੁੜਵਾ ਕੇ ਅਤੇ ਕ੍ਰਿਸ਼ਨ ਗੋਪਾਲ ਤੋਂ ਟੱਕ ਲਗਵਾ ਕੇ ਕਰਨ ਉਪਰੰਤ ਦਿਦਿੰਆ ਦਸਿੱਆ ਕਿ ਹੁਸ਼ਿਆਰਪੁਰ ਦੀ ਨਗਰ ਕੌਂਸਲ ਦਾ ਦਰਜਾ ਬਤੌਰ ਨਗਰ ਨਿਗਮ ਬਣਾਉਣ ਉਪਰੰਤ ਸ਼ਹਿਰ ਦੇ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਪ੍ਰਾਪਤ ਹੋ ਰਹੀਆਂ ਹਨ ਜਿਸ ਨਾਲ ਸ਼ਹਿਰ ਦੇ ਸਾਰੇ ਵਾਰਡਾਂ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ 22 ਹੋਰ ਨਵੇਂ ਟਿਊਬਵੈਲ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਹਨ੍ਹਾਂ ਟਿਊਬਵੈੱਲਾਂ ਨੂੰ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ । ਨਗਰ ਨਿਗਮ ਵਲੋਂ ਵੱਖ ਵੱਖ ਵਾਰਡਾਂ ਵਿਚ ਖਰਾਬ ਹੋਏ ਤਿੰਨ ਟਿਊਬਵੈਲ ਵੀ ਦੁਬਾਰਾ ਲਗਾਏ ਜਾ ਰਹੇ ਹਨ। ਜਿਸ ਨਾਲ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀਂ ਆਵੇਗੀ। ਉਹਨਾਂ ਦੱਸਿਆ ਕਿ ਚੋਅ ਪਾਰ ਮੁਹੱਲਿਆਂ ਵਿਚ ਪਾਏ ਗਏ ਸੀਵਰੇਜ਼ ਨੂੰ ਮੇਨ ਸੀਵਰੇਜ਼ ਨਾਲ ਜ਼ੋੜਨ ਲਈ ਵੀ ਕੰਮ ਪ੍ਰਗਤੀ ਅਧੀਨ ਹੈ ਅਤੇ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿਚ ਉੱਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ ਇਸਨੂੰ ਯਕੀਨੀ ਬਣਾਉਣ ਲਈ ਅਚਨਚੇਤ ਚੈਕਿੰਗ ਵੀ ਕੀਤੀ ਜਾ ਰਹੀ ਹੈ।

ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੇਣੀ, ਐਸ.ਡੀ.ਓ ਹਰਪ੍ਰੀਤ ਸਿੰਘ, ਜੇ.ਈ ਲਵਦੀਪ ਸਿੰਘ, ਗੁਰਪ੍ਰੀਤ ਸਿੰਘ ਵਾਰਡ ਨੰ: 39 ਦੇ ਕੌਂਸਲਰ ਸਵਿਤਾ ਸੂਦ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਰਾਮਦੇਵ ਯਾਦਵ, ਆਰਤੀ ਸੂਦ, ਤ੍ਰਿਸ਼ਲਾ ਸ਼ਰਮਾ, ਮੰਜੂ ਸੈਣੀ, ਵਿਜੇ ਮਰਵਾਹਾ, ਕ੍ਰਿਸ਼ਨ ਗੋਪਾਲ ਨਰੋਤਮ ਸ਼ਰਮਾ, ਮਹਿੰਦਰ ਪਾਲ, ਜ਼ੋਗਿੰਦਰ ਪਾਲ, ਕਿਰਪਾਲ ਮਰਵਾਹਾ, ਪ੍ਰੇਮ ਕੁਮਾਰ ਸ਼ਰਮਾ, ਵੀਰ ਬਹਾਦੁਰ, ਚਾਚਾ ਪਿੰਕੂ, ਗੁਲਜਾਰ ਸਿੰਘ, ਮਦਨ ਮੋਹਨ, ਰਜੀਵ ਨਯੱਰ, ਸੰਦੀਪ ਨਯੱਰ, ਰਕੇਸ਼ ਕੁਮਾਰ, ਵਿਕਾਸ ਸ਼ਰਮਾ, ਨਰਿੰਦਰ ਕੁਮਾਰ, ਸ਼ਿਵ ਕੁਮਾਰ ਧੁਨਾ, ਲਕਸ਼ਮੀ ਗੁਪਤ, ਰਵੀ ਮਲਹੋਤਰਾ, ਮੁਹੱਲਾ ਨਿਵਾਸੀ ਵੱਡੀ ਗਿਣਤੀ ਵਿਚ ਹਾਜਰ ਸਨ।